NYC Taxi & Limousine Commission

# ਇਸ ਲਈ ਕਿਵੇਂ ਗਾਈਡ ਕਰੀਏ: (TLC UP) ਟੈਕਸੀ ਅਤੇ ਲਿਮੋਜ਼ਿਨ ਕਮਿਸ਼ਨ ਅੱਪਲੋਡ ਪੋਰਟਲ

NYC.GOV/TLCUP (TLC UP) ਐਪਲੀਕੇਸ਼ਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ, ਯਾਤਰਾ ਦੇ ਰਿਕਾਰਡਾਂ ਨੂੰ ਅੱਪਲੋਡ ਕਰਨ ਅਤੇ ਤੁਹਾਡੇ ਲਾਇਸੰਸ ਬਾਰੇ ਅਸਲ-ਸਮੇਂ ਦੀ ਜਾਣਕਾਰੀ ਨੂੰ ਦੇਖਣ ਦਾ ਇੱਕ ਤੇਜ਼, ਆਸਾਨ ਅਤੇ ਸੁਵਿਧਾਜਨਕ ਤਰੀਕਾ ਹੈ।

ਇਹ ਗਾਈਡ TLC UP ਦੀ ਵਰਤੋਂ ਕਰਨ ਦੇ ਤਰੀਕੇ ਬਾਰੇ ਕਦਮ-ਦਰ-ਕਦਮ ਦਿਸ਼ਾ-ਨਿਰਦੇਸ਼ ਪ੍ਰਦਾਨ ਕਰੇਗੀ।

03.09.2021

# ਵਿਸ਼ਾ-ਸੂਚੀ


| | |
|---|---|
| 1. TLC ਅੱਪਲੋਡ ਪੋਰਟਲ ਵਿੱਚ ਸਾਈਨ ਇਨ ਕਰਨ ਦਾ ਤਰੀਕਾ | ਪੰਨਾ. 4 |
| 2. ਤੁਹਾਡੇ ਲਾਇਸੰਸ ਬਾਰੇ ਆਮ ਜਾਣਕਾਰੀ ਦੇਖਣ ਦਾ ਤਰੀਕਾ | ਪੰਨਾ. 6 |
| 3. ਮੁਅੱਤਲਾਂ, ਸੰਮਨ ਅਤੇ ਸਮਝੌਤੇ ਦੇਖਣ ਦਾ ਤਰੀਕਾ | ਪੰਨਾ. 7 |
| 4. ਐਪਲੀਕੇਸ਼ਨ ਸੰਬੰਧੀ ਜ਼ਰੂਰਤਾਂ ਨੂੰ ਦੇਖਣ ਅਤੇ ਸਬਮਿਟ ਕਰਨ ਦਾ ਤਰੀਕਾ - ਡਰਾਈਵਰ, ਵਾਹਨ | ਪੰਨਾ. 9 |
| 5. ਬੇਸ ਜਾਣਕਾਰੀ ਸਬਮਿਟ ਕਰਨ ਦਾ ਤਰੀਕਾ - ਬੇਸ | ਪੰਨਾ. 12 |
| 6. ਯਾਤਰਾ ਦੇ ਰਿਕਾਰਡ ਸਬਮਿਟ ਕਰਨ ਦਾ ਤਰੀਕਾ - ਬੇਸ | ਪੰਨਾ. 13 |
| 7. ਇੱਕ ਪਲੇਟ ਸੂਚਨਾ ਸਬਮਿਟ ਕਰਨ ਦਾ ਤਰੀਕਾ - ਬੇਸ, ਵਾਹਨ | ਪੰਨਾ. 14 |
| 8. ਕਿਰਿਆਸ਼ੀਲ ਪੁਸ਼ਟੀਕਰਨ ਨੂੰ ਦੇਖਣ ਦਾ ਤਰੀਕਾ - ਬੇਸ, ਏਜੰਟ | ਪੰਨਾ. 15 |
| 9. ਪਹੁੰਚਯੋਗਤਾ ਦੀਆਂ ਜ਼ਰੂਰਤਾਂ ਨੂੰ ਦੇਖਣ ਦਾ ਤਰੀਕਾ - ਮੈਡਲਿਅਨ, ਏਜੰਟ | ਪੰਨਾ. 17 |

## TLC ਡਰਾਈਵਰ ਦਾ ਲਾਇਸੰਸ




## TLC ਮੈਡਲਿਅਨ




## TLC ਵਾਹਨ ਦਾ ਲਾਇਸੰਸ

ਤੁਹਾਡਾ TLC ਵਾਹਨ ਲਾਇਸੰਸ ਨੰਬਰ ਤੁਹਾਡੇ ਵਾਹਨ ਦੇ ਡੈਕਲ 'ਤੇ ਪਾਇਆ ਜਾ ਸਕਦਾ ਹੈ।




## ਹੋਰ TLC UP ਸਰੋਤ

TLC UP ਯੂਜ਼ਰ ਗਾਈਡ ਵੀਡੀਓਜ਼, ਜੋ ਸਾਡੇ TLC ਦੇ YouTube ਚੈਨਲ ਲਿੰਕਾਂ 'ਤੇ ਦੇਖੀਆਂ ਜਾ ਸਕਦੀਆਂ ਹਨ:

1. https://www.youtube.com/watch?v=d87YPkRsppU
2. https://www.youtube.com/watch?v=IkUGmrEeuSA
3. https://www.youtube.com/watch?v=J2wsIHhCFfU

ਸਾਈਨ ਇਨ ਕਰੋ:

1. NYC.GOV/TLCUP ‘ਤੇ ਜਾਓ

2. ਆਪਣੇ ਕ੍ਰੀਡੈਨਸ਼ੀਅਲ ਦੀ ਵਰਤੋਂ ਕਰਕੇ ਲੌਗ ਇਨ ਕਰੋ:
• TLC ਲਾਇਸੰਸ ਨੰਬਰ ਜਾਂ ਐਪਲੀਕੇਸ਼ਨ ਨੰਬਰ
(ਹੋਰ ਜਾਣਕਾਰੀ **ਇੱਥੇ** ਹੈ)
• ਮੇਲ ਭੇਜਣ ਵਾਲਾ ਜ਼ਿੱਪ ਕੋਡ (ਜਿੱਥੇ ਤੁਹਾਡੀ ਮੇਲ ਭੇਜੀ ਜਾਂਦੀ ਹੈ)
• ਤੁਹਾਡੇ ਸਮਾਜਕ ਸੁਰੱਖਿਆ ਨੰਬਰ ਜਾਂ ਰੁਜ਼ਗਾਰਦਾਤਾ ਸੰਬੰਧੀ ਪਛਾਣ ਨੰਬਰ ਦੇ ਆਖਰੀ ਪੰਜ ਅੰਕ।

3. ‘ਸਾਈਨ ਇਨ ਕਰੋ’ ਬਟਨ ‘ਤੇ ਕਲਿੱਕ ਕਰੋ।

(ਨੋਟ ਕਰੋ: TLC UP ਲਾਇਸੰਸ-ਅਧਾਰਿਤ ਹੈ ਅਤੇ ਤੁਸੀਂ ਸਿਰਫ਼ ਉਸ ਲਾਇਸੰਸ ਨੰਬਰ ਨਾਲ ਸੰਬੰਧਿਤ ਜਾਣਕਾਰੀ ਦੇਖੋਂਗੇ, ਜਿਸ ਨਾਲ ਤੁਸੀਂ ਲੌਗ ਇਨ ਕੀਤਾ ਹੈ। ਉਦਾਹਰਣ ਵਜੋਂ, ਜੇਕਰ ਤੁਸੀਂ ਆਪਣੇ ਡਰਾਈਵਰ ਲਾਇਸੰਸ ਨਾਲ ਲੌਗ ਇਨ ਕਰਦੇ ਹੋ, ਤਾਂ ਤੁਸੀਂ ਸਿਰਫ਼ ਆਪਣੇ ਡਰਾਈਵਰ ਲਾਇਸੰਸ ਨਾਲ ਸੰਬੰਧਿਤ ਜਾਣਕਾਰੀ ਦੇਖੋਂਗੇ। ਜੇਕਰ ਤੁਸੀਂ ਆਪਣੇ ਵਾਹਨ ਲਾਇਸੰਸ ਨਾਲ ਲੌਗ ਇਨ ਕਰਦੇ ਹੋ, ਤਾਂ ਤੁਸੀਂ ਸਿਰਫ਼ ਆਪਣੇ ਵਾਹਨ ਲਾਇਸੰਸ ਨਾਲ ਸੰਬੰਧਿਤ ਜਾਣਕਾਰੀ ਦੇਖੋਂਗੇ।




**ਅਗਲੇ ਪੰਨੇ ‘ਤੇ ਜਾਰੀ ਰੱਖੋ >>**

**ਆਪਣੀ ਈਮੇਲ ਦੀ ਪੁਸ਼ਟੀ ਕਰੋ:** (ਇਹ ਸਾਈਨ-ਇਨ ਦੇ ਸਮੇਂ ਸਾਰੇ ਲਾਇਸੰਸ ਧਾਰਕਾਂ ਲਈ ਲਾਗੂ ਨਹੀਂ ਹੋ ਸਕਦਾ।)

A. ਜੇਕਰ ਤੁਸੀਂ TLC UP ਵਿੱਚ ਪਹਿਲੀ ਵਾਰ ਲੌਗ ਇਨ ਕਰ ਰਹੇ ਹੋ, ਤਾਂ ਤੁਹਾਨੂੰ ਆਪਣੇ ਈਮੇਲ ਪਤੇ ਦੀ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ।

B. ਆਪਣੇ ਈਮੇਲ ਪਤੇ ਦੀ ਪੁਸ਼ਟੀ ਕਰਨ ਲਈ, ਆਪਣਾ ਈਮੇਲ ਟੈਕਸਟ ਬਾਕਸ ਵਿੱਚ ਟਾਈਪ ਕਰੋ ਅਤੇ 'ਸਬਮਿਟ ਕਰੋ' 'ਤੇ ਕਲਿੱਕ ਕਰੋ। ਫਿਰ, ਐਪਲੀਕੇਸ਼ਨ ਨੂੰ ਬੰਦ ਕਰੋ।

C. ਥੋੜ੍ਹੀ ਦੇਰ ਬਾਅਦ, ਤੁਹਾਨੂੰ TLC ਤੋਂ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ, ਜੋ ਤੁਹਾਨੂੰ ਉਸ ਈਮੇਲ ਪਤੇ ਦੀ ਪੁਸ਼ਟੀ ਕਰਨ ਲਈ ਕਹਿੰਦੀ ਹੈ।

D. ਈਮੇਲ ਵਿੱਚ ਦਿੱਤੇ ਗਏ ਲਿੰਕ 'ਤੇ ਕਲਿੱਕ ਕਰੋ। (ਜੇਕਰ ਤੁਸੀਂ ਲਿੰਕ 'ਤੇ ਕਲਿੱਕ ਕਰਨ ਦੇ ਯੋਗ ਨਹੀਂ ਹੋ, ਤਾਂ ਲਿੰਕ ਨੂੰ ਆਪਣੇ ਇੰਟਰਨੈੱਟ ਬ੍ਰਾਊਜ਼ਰ ਵਿੱਚ ਕਾਪੀ ਅਤੇ ਪੇਸਟ ਕਰੋ।)

E. ਤੁਹਾਡੀ ਈਮੇਲ ਦੀ ਹੁਣ ਪੁਸ਼ਟੀ ਹੋ ਗਈ ਹੈ। TLC Up 'ਤੇ ਵਾਪਸ ਸਾਈਨ ਇਨ ਕਰੋ।






1. ਆਪਣੇ ਲਾਇਸੰਸ ਬਾਰੇ ਆਮ ਜਾਣਕਾਰੀ ਦੇਖਣ ਲਈ, ਮੁੱਖ ਪੰਨੇ 'ਤੇ 'ਲਾਇਸੰਸ ਸਨੈਪਸ਼ੌਟ' ਸਿਰਲੇਖ ਵਾਲੇ ਸੈਕਸ਼ਨ 'ਤੇ ਜਾਓ।

2. ਸੈਕਸ਼ਨ ਨੂੰ ਵਧਾਉਣ ਲਈ 'ਹੋਰ ਦਿਖਾਓ +' ਬਟਨ 'ਤੇ ਕਲਿੱਕ ਕਰੋ।

3. ਤੁਹਾਡੀ ਦਿਲਚਸਪੀ ਵਾਲੀ ਜਾਣਕਾਰੀ ਲੱਭਣ ਲਈ ਖੇਤਰਾਂ ਵਿੱਚ ਨੈਵੀਗੇਟ ਕਰੋ। ਤੁਹਾਡੇ ਲਾਇਸੰਸ ਦੀ ਕਿਸਮ ਦੇ ਅਧਾਰ 'ਤੇ, ਤੁਹਾਨੂੰ ਜਾਣਕਾਰੀ ਦੇ ਵੱਖ-ਵੱਖ ਖੇਤਰ ਦਿਖਾਏ ਜਾਣਗੇ।

(ਉਦਾਹਰਣ ਵਾਲੇ ਖੇਤਰਾਂ ਵਿੱਚ ਇਹ ਸ਼ਾਮਲ ਹਨ: ਲਾਇਸੰਸ ਦੀ ਸਥਿਤੀ, ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ, ਡਰੱਗ ਟੈਸਟ ਦੀ ਸਮਾਂ-ਸੂਚੀ ਅਤੇ ਵਾਹਨ ਬੀਮਾ ਮਿਆਦ।)









### ਸਮਝੌਤਿਆਂ ਲਈ:

1. ਸਮਝੌਤੇ ਦੇਖਣ ਲਈ, ਮੁੱਖ ਪੰਨੇ 'ਤੇ 'ਸਮਝੌਤੇ ਸੰਬੰਧੀ ਜਾਣਕਾਰੀ' ਨਾਮ ਵਾਲੇ ਸੈਕਸ਼ਨ 'ਤੇ ਜਾਓ।

2. ਸੈਕਸ਼ਨ ਨੂੰ ਵਧਾਉਣ ਲਈ 'ਹੋਰ ਦਿਖਾਓ +' ਬਟਨ 'ਤੇ ਕਲਿੱਕ ਕਰੋ।

3. ਜੇਕਰ ਤੁਹਾਡੇ ਕੋਲ ਖੁੱਲ੍ਹੇ ਸਮਝੌਤੇ ਹਨ, ਤਾਂ ਹਰੇਕ ਸਮਝੌਤੇ ਦੀ ਸੰਖੇਪ ਜਾਣਕਾਰੀ ਇੱਥੇ ਪ੍ਰਦਰਸ਼ਤ ਹੋਵੇਗੀ। ਹਰੇਕ ਸਮਝੌਤੇ ਦੇ ਵਿਸਥਾਰਪੂਰਵਕ ਸਾਰ ਅਤੇ ਅੱਗੇ ਕੀ ਕਰਨਾ ਹੈ, ਉਸ ਲਈ ਸੱਜੇ ਪਾਸੇ 'ਵਧੇਰੇ ਜਾਣਕਾਰੀ' ਬਟਨ 'ਤੇ ਕਲਿੱਕ ਕਰੋ।




### ਮੁਅੱਤਲਾਂ ਲਈ:

1. ਸਮਝੌਤੇ ਦੇਖਣ ਲਈ, ਮੁੱਖ ਪੰਨੇ 'ਤੇ 'ਮੁਅੱਤਲ ਸੰਬੰਧੀ ਜਾਣਕਾਰੀ' ਨਾਮ ਵਾਲੇ ਸੈਕਸ਼ਨ 'ਤੇ ਜਾਓ।

2. ਸੈਕਸ਼ਨ ਨੂੰ ਵਧਾਉਣ ਲਈ 'ਹੋਰ ਦਿਖਾਓ +' ਬਟਨ 'ਤੇ ਕਲਿੱਕ ਕਰੋ।

3. ਜੇਕਰ ਤੁਹਾਡੇ ਕੋਲ ਖੁੱਲ੍ਹੇ ਮੁਅੱਤਲ ਹਨ, ਤਾਂ ਹਰੇਕ ਮੁਅੱਤਲ ਦੀ ਸੰਖੇਪ ਜਾਣਕਾਰੀ ਇੱਥੇ ਪ੍ਰਦਰਸ਼ਤ ਹੋਵੇਗੀ। ਹਰੇਕ ਮੁਅੱਤਲ ਦੇ ਵਿਸਥਾਰਪੂਰਵਕ ਸਾਰ ਅਤੇ ਅੱਗੇ ਕੀ ਕਰਨਾ ਹੈ, ਉਸ ਲਈ ਸੱਜੇ ਪਾਸੇ 'ਵਧੇਰੇ ਜਾਣਕਾਰੀ' ਬਟਨ 'ਤੇ ਕਲਿੱਕ ਕਰੋ।




**ਅਗਲੇ ਪੰਨੇ 'ਤੇ ਜਾਰੀ ਰੱਖੋ >>**

**ਸੰਮਨਾਂ ਲਈ:**

1. ਸੰਮਨ ਦੇਖਣ ਲਈ, ਮੁੱਖ ਪੰਨੇ ‘ਤੇ ‘ਸੰਮਨ ਸੰਬੰਧੀ ਜਾਣਕਾਰੀ’ ਨਾਮ ਵਾਲੇ ਸੈਕਸ਼ਨ ‘ਤੇ ਜਾਓ।

2. ਸੈਕਸ਼ਨ ਨੂੰ ਵਧਾਉਣ ਲਈ ‘ਹੋਰ ਦਿਖਾਓ +’ ਬਟਨ ‘ਤੇ ਕਲਿੱਕ ਕਰੋ।

3. ਜੇਕਰ ਤੁਹਾਡੇ ਕੋਲ ਖੁੱਲ੍ਹੇ ਸੰਮਨ ਹਨ, ਤਾਂ ਹਰੇਕ ਸੰਮਨ ਦੀ ਸੰਖੇਪ ਜਾਣਕਾਰੀ ਇੱਥੇ ਪ੍ਰਦਰਸ਼ਤ ਹੋਵੇਗੀ। ਹਰੇਕ ਸੰਮਨ ਦੇ ਵਿਸਥਾਰਪੂਰਵਕ ਸਾਰ ਅਤੇ ਅੱਗੇ ਕੀ ਕਰਨਾ ਹੈ, ਉਸ ਲਈ ਸੱਜੇ ਪਾਸੇ ‘ਵਧੇਰੇ ਜਾਣਕਾਰੀ’ ਬਟਨ ‘ਤੇ ਕਲਿੱਕ ਕਰੋ।



## ਜ਼ਰੂਰਤਾਂ ਨੂੰ ਚੈੱਕ ਕਰਨ ਦਾ ਤਰੀਕਾ- ਡਰਾਈਵਰ, ਵਾਹਨ

1. ਤੁਹਾਡੀ ਨਵੀਂ ਜਾਂ ਨਵੀਨੀਕਰਣ ਐਪਲੀਕੇਸ਼ਨ ਲਈ ਕਿਹੜੀਆਂ ਜ਼ਰੂਰਤਾਂ ਮੌਜੂਦ ਹਨ, ਇਹ ਦੇਖਣ ਲਈ, ਪੰਨੇ ਦੇ ਉਪਰਲੇ ਸੱਜੇ ਪਾਸੇ ਸ਼ਬਦ 'ਮੀਨੂ' 'ਤੇ ਕਲਿੱਕ ਕਰੋ ਅਤੇ ਫਿਰ 'ਜ਼ਰੂਰਤਾਂ' ਸ਼ਬਦ 'ਤੇ ਕਲਿੱਕ ਕਰੋ।

2. 'ਜ਼ਰੂਰਤਾਂ' ਨਾਮ ਵਾਲੇ ਸੈਕਸ਼ਨ 'ਤੇ ਨੈਵੀਗੇਟ ਕਰੋ। ਉਸ ਸੈਕਸ਼ਨ ਦੇ ਹੇਠਾਂ, ਤੁਸੀਂ ਇੱਕ ਸੈਕਸ਼ਨ ਦੇਖੋਂਗੇ ਜਿਸਨੂੰ 'ਗੁੰਮਸ਼ੁਦਾ ਜ਼ਰੂਰਤਾਂ' ਅਤੇ ਦੂਜੇ ਨੂੰ 'ਹੋਰ ਜ਼ਰੂਰਤਾਂ' ਕਿਹਾ ਜਾਂਦਾ ਹੈ। 'ਗੁੰਮਸ਼ੁਦਾ ਜ਼ਰੂਰਤਾਂ' ਉਹ ਜ਼ਰੂਰਤਾਂ ਹਨ, ਜਿਨ੍ਹਾਂ ਲਈ ਤੁਹਾਨੂੰ ਦਸਤਾਵੇਜ਼ ਅੱਪਲੋਡ ਕਰਨ ਦੀ ਲੋੜ ਹੁੰਦੀ ਹੈ। 'ਹੋਰ ਜ਼ਰੂਰਤਾਂ' ਲਈ ਕਿਸੇ ਦਸਤਾਵੇਜ਼ ਨੂੰ ਅੱਪਲੋਡ ਕਰਨ ਦੀ ਜ਼ਰੂਰਤ ਨਹੀਂ ਹੈ, ਪਰ ਇਸਦੀ ਬਜਾਏ ਤੁਹਾਨੂੰ ਕੁਝ ਕਰਨ ਲਈ ਯਾਦ ਕਰਵਾਇਆ ਜਾਂਦਾ ਹੈ (ਉਦਾਹਰਣ ਵਜੋਂ: ਇੱਕ ਡਰੱਗ ਟੈਸਟ ਕਰਵਾਓ)।

3.ਜ਼ਰੂਰਤਾਂ ਬਾਰੇ ਵਧੇਰੇ ਜਾਣਕਾਰੀ ਦੇਖਣ ਲਈ, ਜ਼ਰੂਰਤ ਦੇ ਨਾਮ ਦੇ ਅੱਗੇ ਨੀਲੇ '(?)' ਤੇ ਕਲਿੱਕ ਕਰੋ।




**ਅਗਲੇ ਪੰਨੇ 'ਤੇ ਜਾਰੀ ਰੱਖੋ >>**

**ਐਪਲੀਕੇਸ਼ਨ ਸੰਬੰਧੀ ਜ਼ਰੂਰਤਾਂ ਨੂੰ ਸਬਮਿਟ ਕਰਨ ਦਾ ਤਰੀਕਾ - ਡਰਾਈਵਰ, ਵਾਹਨ**

1. ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦਸਤਾਵੇਜ਼ ਅੱਪਲੋਡ ਕਰਨ ਵਾਸਤੇ, ਪੰਨੇ ਦੇ ਉਪਰਲੇ ਸੱਜੇ ਪਾਸੇ ਸ਼ਬਦ 'ਮੀਨੂ' 'ਤੇ ਕਲਿੱਕ ਕਰੋ ਅਤੇ ਫਿਰ 'ਜ਼ਰੂਰਤਾਂ' ਸ਼ਬਦ 'ਤੇ ਕਲਿੱਕ ਕਰੋ।




2. 'ਜ਼ਰੂਰਤਾਂ' ਨਾਮ ਵਾਲੇ ਸੈਕਸ਼ਨ 'ਤੇ ਨੈਵੀਗੇਟ ਕਰੋ। ਜੇਕਰ ਤੁਹਾਨੂੰ ਕੋਈ ਜ਼ਰੂਰਤ ਹੈ ਜਿਸ ਦੇ ਲਈ ਅੱਪਲੋਡ ਕਰਨ ਦੀ ਜ਼ਰੂਰਤ ਹੈ, ਤਾਂ ਤੁਸੀਂ 'ਗੁੰਮਸ਼ੁਦਾ ਜ਼ਰੂਰਤ' ਸ਼ਬਦਾਂ ਦੇ ਅਧੀਨ ਇੱਕ ਕਲਿੱਕ ਕਰਨ ਯੋਗ ਬਾਕਸ ਅਤੇ ਜ਼ਰੂਰਤਾਂ ਦਾ ਨਾਮ ਦੇਖੋਂਗੇ।

3. ਜ਼ਰੂਰਤਾਂ ਬਾਰੇ ਵਧੇਰੇ ਜਾਣਕਾਰੀ ਦੇਖਣ ਲਈ, ਜ਼ਰੂਰਤ ਦੇ ਨਾਮ ਦੇ ਅੱਗੇ ਨੀਲੇ '(?)' ਤੇ ਕਲਿੱਕ ਕਰੋ।

4. ਜ਼ਰੂਰਤ ਲਈ ਇੱਕ ਦਸਤਾਵੇਜ਼ ਅੱਪਲੋਡ ਕਰਨ ਵਾਸਤੇ, ਸ਼ਬਦ ਦੇ ਸਾਮ੍ਹਣੇ ਬਕਸੇ 'ਤੇ ਕਲਿੱਕ ਕਰੋ। ਫਿਰ, 'ਫ਼ਾਈਲ ਚੁਣੋ' 'ਤੇ ਕਲਿੱਕ ਕਰੋ। ਤੁਹਾਡੀ ਡਿਵਾਈਸ 'ਤੇ ਨਿਰਭਰ ਕਰਦਿਆਂ, ਤੁਹਾਨੂੰ ਜਾਂ ਤਾਂ ਫ਼ਾਈਲ ਅੱਪਲੋਡ ਕਰਨ ਜਾਂ ਆਪਣੇ ਡਿਵਾਈਸ ਦੇ ਕੈਮਰੇ ਨਾਲ ਫ਼ੋਟੋ ਖਿੱਚਣ ਦਾ ਵਿਕਲਪ ਦਿੱਤਾ ਜਾਵੇਗਾ।

5. ਅੰਤ ਵਿੱਚ, 'ਸਬਮਿਟ ਕਰੋ' 'ਤੇ ਕਲਿੱਕ ਕਰੋ।




6. ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਦਸਤਾਵੇਜ਼ ਨੂੰ ਸਫ਼ਲਤਾਪੂਰਵਕ ਅੱਪਲੋਡ ਕੀਤਾ ਗਿਆ ਹੈ, 'ਐਪਲੀਕੇਸ਼ਨ ਸੰਬੰਧੀ ਅੱਪਲੋਡ ਦਿਖਾਓ' ਸਿਰਲੇਖ ਵਾਲੇ ਸੈਕਸ਼ਨ 'ਤੇ ਜਾਓ। ਫ਼ਾਈਲ ਇੱਥੇ ਦਿਖਾਈ ਦੇਵੇਗੀ।




**ਅਗਲੇ ਪੰਨੇ 'ਤੇ ਜਾਰੀ >>**

**ਐਪਲੀਕੇਸ਼ਨ ਸੰਬੰਧੀ ਜ਼ਰੂਰਤਾਂ ਦੀ ਜਾਂਚ ਕਰਨ ਦਾ ਤਰੀਕਾ - ਡਰਾਈਵਰ, ਵਾਹਨ**

1. ਇੱਕ ਅੱਪਲੋਡ ਕੀਤੇ ਦਸਤਾਵੇਜ਼ ਦੀ ਸਥਿਤੀ ਦੀ ਜਾਂਚ ਕਰਨ ਲਈ, ਪੰਨੇ ਦੇ ਉਪਰਲੇ ਸੱਜੇ ਪਾਸੇ ਸ਼ਬਦ 'ਮੀਨੂ' 'ਤੇ ਕਲਿੱਕ ਕਰੋ ਅਤੇ ਫਿਰ 'ਜ਼ਰੂਰਤਾਂ' ਸ਼ਬਦ 'ਤੇ ਕਲਿੱਕ ਕਰੋ।

2. 'ਐਪਲੀਕੇਸ਼ ਅੱਪਲੋਡ ਦਿਖਾਓ' ਨਾਮ ਵਾਲੇ ਸੈਕਸ਼ਨ 'ਤੇ ਨੈਵੀਗੇਟ ਕਰੋ। ਉਸ ਸੈਕਸ਼ਨ ਵਿੱਚ, ਤੁਸੀਂ ਉਹ ਦਸਤਾਵੇਜ਼ ਦੇਖੋਂਗੇ, ਜਿਨ੍ਹਾਂ ਨੂੰ ਤੁਸੀਂ ਐਪਲੀਕੇਸ਼ਨ ਲਈ ਅੱਪਲੋਡ ਕੀਤਾ ਹੈ।

3. ਤੁਸੀਂ ਜ਼ਰੂਰਤ ਦਾ ਨਾਮ ਅਤੇ ਇੱਕ ਸਥਿਤੀ ਵੀ ਦੇਖੋਂਗੇ। ਹਰੇਕ ਸਥਿਤੀ ਲਈ ਵੇਰਵੇ 'ਅਧੀਨਗੀ ਸੰਬੰਧੀ ਗਾਈਡ' ਸੈਕਸ਼ਨ ਵਿੱਚ ਉਪਲਬਧ ਹਨ।









1. ਇੱਕ ਬੇਸ ਪੁਸ਼ਟੀਕਰਣ ਸਬਮਿਟ ਕਰਨ ਲਈ, ਇੱਕ ਬੇਸ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਬੇਸ ਪੁਸ਼ਟੀਕਰਨ' 'ਤੇ ਕਲਿੱਕ ਕਰੋ।

3. 'ਬੇਸ਼ ਪੁਸ਼ਟੀਕਰਨ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਵਾਹਨ ਦੀ ਪਛਾਣ (VIN) ਨੂੰ ਦਾਖ਼ਲ ਕਰੋ ਅਤੇ ਉਸ ਵਾਹਨ ਲਈ ਈਮੇਲ ਕਰੋ, ਜਿਸਨੂੰ ਤੁਸੀਂ ਆਪਣੇ ਬੇਸ ਨਾਲ ਜੋੜਨਾ ਚਾਹੁੰਦੇ ਹੋ।

4. ਸੰਕੇਤ ਦਿਓ ਕਿ ਕੀ ਵਾਹਨ 'ਵ੍ਹੀਲਚੇਅਰ ਪਹੁੰਚਯੋਗਤਾ', 'ਲੀਜ਼ ਤੋਂ ਆਪਣਾ' ਜਾਂ 'ਬੈਟਰੀ ਇਲੈਕਟ੍ਰਿਕ' ਹੈ। ਤੁਹਾਡੀ ਚੋਣ ਦੇ ਅਧਾਰ 'ਤੇ ਕੁਝ ਵਾਧੂ ਸਵਾਲ ਸਾਹਮਣੇ ਆ ਸਕਦੇ ਹਨ।

5. ਅੰਤ ਵਿੱਚ, 'ਸਬਮਿਟ ਕਰੋ' 'ਤੇ ਕਲਿੱਕ ਕਰੋ। ਇੱਕ ਵਾਰ ਪੁਸ਼ਟੀਕਰਣ ਪੂਰਾ ਹੋਣ 'ਤੇ ਵਾਹਨ ਮਾਲਕ ਨੂੰ ਇੱਕ ਈ-ਮੇਲ ਸੂਚਨਾ ਪ੍ਰਾਪਤ ਹੋਵੇਗੀ ਅਤੇ ਪੁਸ਼ਟੀਕਰਣ 'ਅਧੀਨਗੀ ਦਾ ਇਤਿਹਾਸ' ਸਿਰਲੇਖ ਵਾਲੇ ਸੈਕਸ਼ਨ ਵਿੱਚ ਦਿਖਾਈ ਦੇਵੇਗਾ।



1. ਤੁਹਾਡੇ ਬੇਸ ਲਈ ਯਾਤਰਾ ਦੇ ਰਿਕਾਰਡ ਸਬਮਿਟ ਕਰਨ ਲਈ, ਇੱਕ ਬੇਸ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਯਾਤਰਾ ਦੇ ਰਿਕਾਰਡ' 'ਤੇ ਕਲਿੱਕ ਕਰੋ।

3. ਸ਼ੁਰੂਆਤ ਅਤੇ ਅੰਤ ਦੀ ਮਿਤੀ ਵਾਲੇ ਖੇਤਰਾਂ 'ਤੇ ਕਲਿੱਕ ਕਰੋ ਅਤੇ ਇਹ ਦਰਸਾਉਣ ਲਈ ਕੈਲੰਡਰ ਦੀ ਵਰਤੋਂ ਕਰੋ ਕਿ ਤੁਸੀਂ ਯਾਤਰਾ ਦੇ ਰਿਕਾਰਡ ਕਦੋਂ ਸਬਮਿਟ ਕਰ ਰਹੇ ਹੋ।

4. 'ਫ਼ਾਈਲ ਚੁਣੋ' 'ਤੇ ਕਲਿੱਕ ਕਰੋ ਅਤੇ ਇਸ ਫ਼ਾਈਲ ਨੂੰ ਚੁਣੋ, ਜਿਸਨੂੰ ਤੁਸੀਂ ਅੱਪਲੋਡ ਕਰਨਾ ਚਾਹੁੰਦੇ ਹੋ। ਫ਼ਾਈਲਾਂ ".CSV", ".XLS", ".XLSX" ਕਿਸਮ ਦੇ ਫਾਰਮੈਟ ਵਿੱਚ ਹੋ ਸਕਦੀਆਂ ਹਨ।

5. ਅੰਤ ਵਿੱਚ, 'ਸਬਮਿਟ ਕਰੋ' 'ਤੇ ਕਲਿੱਕ ਕਰੋ। ਇੱਕ ਵਾਰ ਦਸਤਾਵੇਜ਼ ਅੱਪਲੋਡ ਹੋਣ 'ਤੇ, 'ਅਧੀਨਗੀ ਦਾ ਇਤਿਹਾਸ' ਸੈਕਸ਼ਨ ਅੱਪਡੇਟ ਹੋ ਜਾਵੇਗਾ।






1. ਇੱਕ ਵਾਹਨ ਲਈ ਪਲੇਟ ਸੂਚਨਾਵਾਂ ਸਬਮਿਟ ਕਰਨ ਲਈ, ਇੱਕ ਬੇਸ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਪਲੇਟ ਸੂਚਨਾਵਾਂ' 'ਤੇ ਕਲਿੱਕ ਕਰੋ।

3. ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ ਵਾਹਨ ਲਈ ਐਪਲੀਕੇਸ਼ਨ ਨੰਬਰ ਜਾਂ ਲਾਇਸੰਸ ਨੰਬਰ, ਵਾਹਨ ਦੇ ਵਾਹਨ ਪਛਾਣ ਨੰਬਰ (VIN) ਦੇ ਪਿਛਲੇ ਛੇ ਅੰਕ, ਪਲੇਟ ਨੰਬਰ ਅਤੇ ਪਲੇਟ ਦੀ ਸਥਿਤੀ ਦਾਖ਼ਲ ਕਰੋ।

4. ਅੰਤ ਵਿੱਚ, 'ਸਬਮਿਟ ਕਰੋ' 'ਤੇ ਕਲਿੱਕ ਕਰੋ।

5. ਜੇਕਰ ਤੁਸੀਂ ਇੱਕ ਵਾਹਨ ਲਈ ਪਲੇਟ ਸੂਚਨਾਵਾਂ ਸਬਮਿਟ ਕਰਨ ਲਈ ਇੱਕ ਬੇਸ ਹੋ, ਤਾਂ ਤੁਸੀਂ ਆਪਣੇ ਅਧੀਨਗੀ ਦੇ ਇਤਿਹਾਸ ਨੂੰ 'ਅਧੀਨਗੀ ਦਾ ਇਤਿਹਾਸ' ਸੈਕਸ਼ਨ ਵਿੱਚ ਦੇਖੋਂਗੇ।



## ਐਫਿਲਿਏਟ ਵਾਹਨਾਂ ਅਤੇ SHL ਪਰਮਿਟਾਂ ਸੰਬੰਧੀ ਸਥਿਤੀਆਂ ਦੀ ਸੂਚੀ ਨੂੰ ਦੇਖਣ ਦਾ ਤਰੀਕਾ- ਬੇਸ

1. ਤੁਹਾਡੇ ਬੇਸ ਨਾਲ ਐਫਿਲਿਏਟ ਵਾਹਨ ਅਤੇ ਸਟ੍ਰੀਟ ਹੇਲ ਲਿਵਰੀ ਪਰਮਿਟ ਦੇਖਣ ਲਈ, ਆਪਣੇ ਬੇਸ ਲਾਇਸੰਸ ਨਾਲ ਲੌਗਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਕਿਰਿਆਸ਼ੀਲ ਐਫਿਲਿਏਸ਼ਨ' 'ਤੇ ਕਲਿੱਕ ਕਰੋ।

3. ਤੁਹਾਨੂੰ ਉਹਨਾਂ ਸਾਰੇ ਵਾਹਨਾਂ ਦੀ ਇੱਕ ਸਾਰਣੀ ਦਿਖਾਈ ਜਾਵੇਗੀ, ਜੋ ਤੁਹਾਡੇ ਬੇਸ ਨਾਲ ਜੁੜੇ ਹੋਏ ਹਨ। ਸਾਰੇ ਸਟ੍ਰੀਟ ਹੇਲ ਲਿਵਰੀਆਂ ਨੂੰ ਦੇਖਣ ਲਈ, ਟੌਗਲ ਵਿੱਚ 'SHL' ਸ਼ਬਦ 'ਤੇ ਟੈਪ ਕਰੋ।

4. ਨਤੀਜਿਆਂ ਨੂੰ ਫਿਲਟਰ ਕਰਨ ਲਈ, ਸ਼ਬਦਾਂ ਦੁਆਰਾ ਖੋਜ ਕਰੋ: 'ਐਪਲੀਕੇਸ਼ਨ / ਲਾਇਸੰਸ / ਪਰਮਿਟ # ਦੁਆਰਾ ਖੋਜ ਕਰੋ' ਅਤੇ ਉਹ ਐਪਲੀਕੇਸ਼ਨ, ਲਾਇਸੰਸ ਜਾਂ ਪਰਮਿਟ ਨੰਬਰ ਟਾਈਪ ਕਰੋ, ਜਿਸ ਦੀ ਤੁਸੀਂ ਭਾਲ ਕਰ ਰਹੇ ਹੋ।

5. ਨਤੀਜਿਆਂ ਨੂੰ ਕ੍ਰਮਬੱਧ ਕਰਨ ਲਈ, ਸਾਰਣੀ ਸਿਰਲੇਖ ਵਿੱਚ ਕਾਲੇ ਤੀਰਾਂ 'ਤੇ ਕਲਿੱਕ ਕਰੋ।

6. ਨਤੀਜਿਆਂ ਨੂੰ ਇੱਕ ".CSV' ਫ਼ਾਈਲ ਵਜੋਂ ਡਾਊਨਲੋਡ ਕਰੋ, 'ਨਿਰਯਾਤ ਕਰੋ' ਵਿਕਲਪ 'ਤੇ ਕਲਿੱਕ ਕਰੋ।










ਅਗਲੇ ਪੰਨੇ 'ਤੇ ਜਾਰੀ >>

## ਕਿਰਿਆਸ਼ੀਲ ਐਫਿਲਿਏਟ ਮੈਡਲਿਅਨ ਸਥਿਤੀਆਂ ਦੀ ਇੱਕ ਸੂਚੀ ਨੂੰ ਦੇਖਣ ਦਾ ਤਰੀਕਾ- ਏਜੰਟ

1. ਤੁਹਾਡੇ ਦੁਆਰਾ ਪ੍ਰਬੰਧਿਤ ਕੀਤੇ ਮੈਡਲਿਅਨ ਨੂੰ ਦੇਖਣ ਲਈ, ਆਪਣੇ ਏਜੰਟ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਕਿਰਿਆਸ਼ੀਲ ਐਫਿਲਿਏਸ਼ਨ' 'ਤੇ ਕਲਿੱਕ ਕਰੋ।

3. ਤੁਹਾਨੂੰ ਉਹਨਾਂ ਸਾਰੇ ਮੈਡਲਿਅਨ ਦੀ ਇੱਕ ਸਾਰਣੀ ਦਿਖਾਈ ਜਾਵੇਗੀ, ਜਿਸਨੂੰ ਤੁਸੀਂ ਪ੍ਰਬੰਧਿਤ ਕਰ ਰਹੇ ਹੋ।

4. ਨਤੀਜਿਆਂ ਨੂੰ ਫਿਲਟਰ ਕਰਨ ਲਈ, ਸ਼ਬਦਾਂ ਦੁਆਰਾ ਖੋਜ ਕਰੋ: 'ਐਪਲੀਕੇਸ਼ਨ / ਲਾਇਸੰਸ / ਪਰਮਿਟ # ਦੁਆਰਾ ਖੋਜ ਕਰੋ ' ਅਤੇ ਉਹ ਮੈਡਲਿਅਨ ਟਾਈਪ ਕਰੋ, ਜਿਸ ਦੀ ਤੁਸੀਂ ਭਾਲ ਕਰ ਰਹੇ ਹੋ।

5. ਨਤੀਜਿਆਂ ਨੂੰ ਕ੍ਰਮਬੱਧ ਕਰਨ ਲਈ, ਸਾਰਣੀ ਸਿਰਲੇਖ ਵਿੱਚ ਕਾਲੇ ਤੀਰਾਂ 'ਤੇ ਕਲਿੱਕ ਕਰੋ।

6. ਨਤੀਜਿਆਂ ਨੂੰ ਇੱਕ ".CSV' ਫ਼ਾਈਲ ਵਜੋਂ ਡਾਊਨਲੋਡ ਕਰੋ, 'ਨਿਰਯਾਤ ਕਰੋ' ਵਿਕਲਪ 'ਤੇ ਕਲਿੱਕ ਕਰੋ।









## ਪਹੁੰਚਯੋਗਤਾ ਦੀਆਂ ਜ਼ਰੂਰਤਾਂ ਨੂੰ ਦੇਖਣ ਦਾ ਤਰੀਕਾ - ਮੈਡਲਿਅਨ

1. ਤੁਹਾਡੇ ਮੈਡਲਿਅਨ ਲਈ ਪਹੁੰਚਣਯੋਗਤਾ ਸੰਬੰਧੀ ਜ਼ਰੂਰਤ ਦੀ ਜਾਣਕਾਰੀ ਨੂੰ ਦੇਖਣ ਲਈ, ਤੁਹਾਡੇ ਮੈਡਲਿਅਨ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਹੋ ਜਾਂਦੇ ਹੋ, ਤਾਂ ਮੁੱਖ ਪੰਨੇ ‘ਤੇ ‘ਲਾਇਸੰਸ ਸਨੈਪਸ਼ਾਟ’ ਸੈਕਸ਼ਨ ‘ਤੇ ਜਾਓ।

3. ਸੈਕਸ਼ਨ ਨੂੰ ਵਧਾਉਣ ਲਈ ‘ਹੋਰ ਦਿਖਾਓ +’ ਬਟਨ ‘ਤੇ ਕਲਿੱਕ ਕਰੋ।

4. ‘ਅਗਲੇ ਵਾਹਨ ਸੰਬੰਧੀ WAV ਜ਼ਰੂਰਤ’ ਨਾਮ ਵਾਲੇ ਖੇਤਰ ‘ਤੇ ਨੈਵੀਗੇਟ ਕਰੋ। ਜੇਕਰ ਤੁਹਾਡਾ ਮੈਡਲਿਅਨ ਸੁਤੰਤਰ ਗੈਰ-ਪ੍ਰਤੀਬੰਧਿਤ ਹੈ, ਤਾਂ ਇਹ ਖੇਤਰ ਤੁਹਾਨੂੰ ਤੁਹਾਡੀਆਂ ਪਹੁੰਚਯੋਗਤਾ ਸੰਬੰਧੀ ਜ਼ਰੂਰਤ ਬਾਰੇ ਦੱਸੇਗਾ।




**ਅਗਲੇ ਪੰਨੇ ‘ਤੇ ਜਾਰੀ ਰੱਖੋ >>**

**ਪਹੁੰਚਯੋਗਤਾ ਦੀਆਂ ਜ਼ਰੂਰਤਾਂ ਨੂੰ ਦੇਖਣ ਦਾ ਤਰੀਕਾ - ਏਜੰਟ**

1. ਤੁਹਾਡੇ ਦੁਆਰਾ ਪ੍ਰਬੰਧਿਤ ਕੀਤੇ ਮੈਡਲਿਅਨ ਲਈ ਪਹੁੰਚਯੋਗਤਾ ਸੰਬੰਧੀ ਜ਼ਰੂਰਤਾਂ ਨੂੰ ਦੇਖਣ ਲਈ, ਆਪਣੇ ਏਜੰਟ ਲਾਇਸੰਸ ਨਾਲ ਲੌਗ ਇਨ ਕਰਕੇ ਸ਼ੁਰੂਆਤ ਕਰੋ।

2. ਇੱਕ ਵਾਰ ਜਦੋਂ ਤੁਸੀਂ TLC UP ਵਿੱਚ ਜਾਂਦੇ ਹੋ, ਤਾਂ ਪੇਜ ਦੇ ਉੱਪਰਲੇ ਸੱਜੇ ਪਾਸੇ 'ਮੀਨੂ' ਸ਼ਬਦ 'ਤੇ ਕਲਿੱਕ ਕਰੋ ਅਤੇ ਫਿਰ 'ਕਿਰਿਆਸ਼ੀਲ ਐਫਿਲਿਏਸ਼ਨ' 'ਤੇ ਕਲਿੱਕ ਕਰੋ।

3. ਤੁਹਾਨੂੰ ਉਹਨਾਂ ਸਾਰੇ ਮੈਡਲਿਅਨ ਦੀ ਇੱਕ ਸਾਰਣੀ ਦਿਖਾਈ ਜਾਵੇਗੀ, ਜਿਸਨੂੰ ਤੁਸੀਂ ਪ੍ਰਬੰਧਿਤ ਕਰ ਰਹੇ ਹੋ।

4. ਪਹੁੰਚਯੋਗਤਾ ਸੰਬੰਧੀ ਜ਼ਰੂਰਤ ਨੂੰ ਦੇਖਣ ਲਈ, ਸਾਰਣੀ ਵਿੱਚ ਸਭ ਤੋਂ ਸੱਜੇ ਕਾਲਮ ਨੂੰ ਦੇਖੋ। ਇਸ ਵਿੱਚ ਸੁਤੰਤਰ ਗੈਰ-ਪ੍ਰਤੀਬਿੰਧਿਤ ਵਾਲੇ ਮੈਡਲਿਅਨ ਲਈ ਪਹੁੰਚਯੋਗਤਾ ਸੰਬੰਧੀ ਜ਼ਰੂਰਤ ਦੀ ਜਾਣਕਾਰੀ ਸ਼ਾਮਲ ਹੈ।

5. ਨਤੀਜਿਆਂ ਨੂੰ ਫਿਲਟਰ ਕਰਨ ਲਈ, ਸ਼ਬਦਾਂ ਦੁਆਰਾ ਖੋਜ ਕਰੋ: 'ਐਪਲੀਕੇਸ਼ਨ / ਲਾਇਸੰਸ / ਪਰਮਿਟ # ਦੁਆਰਾ ਖੋਜ ਕਰੋ ' ਅਤੇ ਉਹ ਮੈਡਲਿਅਨ ਟਾਈਪ ਕਰੋ, ਜਿਸ ਦੀ ਤੁਸੀਂ ਭਾਲ ਕਰ ਰਹੇ ਹੋ।

6. ਨਤੀਜਿਆਂ ਨੂੰ ਕ੍ਰਮਬੱਧ ਕਰਨ ਲਈ, ਸਾਰਣੀ ਸਿਰਲੇਖ ਵਿੱਚ ਕਾਲੇ ਤੀਰਾਂ 'ਤੇ ਕਲਿੱਕ ਕਰੋ।

7. ਨਤੀਜਿਆਂ ਨੂੰ ਇੱਕ ".CSV' ਫ਼ਾਈਲ ਵਜੋਂ ਡਾਊਨਲੋਡ ਕਰੋ, 'ਨਿਰਯਾਤ ਕਰੋ' ਵਿਕਲਪ 'ਤੇ ਕਲਿੱਕ ਕਰੋ।







